- **ਭਾਗ-1 : ਪੜ੍ਹਨ-ਕੌਸ਼ਲ**

I. ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਨ੍ਹਾਂ । -ਆਧਾਰ 'ਤੇ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ।

1. ਬਿਜਲੀ ਜਿਸ ਨੂੰ ਸ਼ਕਤੀ ਦਾ ਸੋਮਾ ਤੇ ਤਰੱਕੀ ਅਤੇ ਆਧੁਨਿਕਤਾ ਦਾ ਲਾਜ਼ਮੀ ਤੱਤ ਮੰਨਿਆ ਗਿਆ ਹੈ, ਉਸਦੇ ਉਤਪਾਦਨ ਸਭ ਤੋਂ ਵੱਧ ਪੰਜਾਬ ਵਿੱਚ ਹੈ। ਦੇਸ਼ ਦੀ ਸਮੁੱਚੀ ਖੁਸ਼ਹਾਲੀ ਪਿੱਛੇ ਪੰਜਾਬੀਆਂ ਦੇ ਸ਼ਕਤੀਸ਼ਾਲੀ ਦਿਲ, ਦਿਮਾ ਅਤੇ ਜੁੱਸੇ ਦੇ ਦਰਸ਼ਨ ਹੁੰਦੇ ਹਨ। ਇਹ ਸਦਾ ਚੜ੍ਹਦੀ ਕਲਾ ਵਿੱਚ ਵਿਚਰਨ ਵਾਲੇ ਸ਼ੇਰ ਦਿਲ ਇਨਸਾਨ ਹਨ। ਜ਼ੁਲਮ ਨਾ ਮੁਕਾਬਲਾ ਕਰਨਾ ਤੇ ਇਨਸਾਫ਼ ਲਈ ਜੂਝਣਾ ਇਹਨਾਂ ਨੂੰ ਗੁੜ੍ਹਤੀ ਨਾਲ ਪਿਆਇਆ ਜਾਂਦਾ ਹੈ। ਔਖੇ ਤੋਂ ਔਖੇ ਕੰਮ ਨੂੰ ਕ ਵਿੱਚ ਲੈ ਕੇ ਸਰਲ ਬਣਾ ਦੇਣਾ ਇਹਨਾਂ ਦੇ ਹੱਥਾਂ ਦੀ ਕਰਾਮਾਤ ਹੈ ਅਤੇ ਅਸੰਭਵ ਨੂੰ ਸੰਭਵ ਕਰ ਦਿਖਾਉਣ ਦੀ ਲੋਚਾ ਇਹਨ ਨੂੰ ਹਰ ਸਮੇਂ ਕਰਮਸ਼ੀਲ ਰੱਖਦੀ ਹੈ। ਇਹ ਜੀਵਨ ਨੂੰ ਉਤਸ਼ਾਹ ਨਾਲ ਜਿਊਂਦੇ ਹਨ ਅਤੇ ਹਰ ਕੰਮ ਨੂੰ ਮਿਹਨਤ ਅਤੇ ਲਗਨ ਨਾਲ ਨੇਪਰੇ ਚਾੜ੍ਹਦੇ ਹਨ । ਸੁਭਾਅ ਅਨੁਸਾਰ ਇਹ ਵਾਇਦੇ ਦੇ ਪੱਕੇ ਹਨ ਅਤੇ ਕਿਸੇ ਦੀ ਈਨ ਨਹੀਂ ਮੰਨਦੇ। ਇਨ੍ਹਾਂ ਦੀ ਗੱਲ ਵਿੱਚ ਪੂਰਾ ਰੋਹਬ ਹੈ, ਉਚਾਰਨ ਵਿੱਚ ਕੜਾਕਾ ਤੇ ਸਵੈ-ਮਾਣ ਠਾਠਾਂ ਮਾਰਦਾ ਹੈ। ਵੱਡੀ ਤੋਂ ਵੱਡੀ ਔਕੜ ਜਿਗਰੇ ਨਾਲ ਜਰਦੇ ਹਨ ਅਤੇ ਗੱਲ-ਗੱਲ ਵਿੱਚ ਆਪਣੇ ਮਰਦਾਉਪੁਣੇ ਦਾ ਪ੍ਰਗਟਾਵਾ ਕਰਦੇ ਹਨ।

1. ਪੰਜਾਬ ਵਿੱਚ ਕਿਹੜੀ ਚੀਜ਼ ਦਾ ਉਤਪਾਦਨ ਸਭ ਤੋਂ ਵੱਧ ਹੁੰਦਾ ਹੈ ?

(ੳ) ਆਲੂ ਦਾ. (ਅ) ਬਿਜਲੀ ਦਾ. (ੲ) ਕੱਪੜੇ ਦਾ (ਸ) ਡੀਜ਼ਲ ਦਾ

2. ਪੰਜਾਬੀਆਂ ਨੂੰ ਕਿਹੜੀ ਚੀਜ਼ ਗੁੜ੍ਹਤੀ ਵਿੱਚ ਮਿਲੀ ਹੈ ?

(ੳ) ਜ਼ੁਲਮ ਨਾਲ ਮੁਕਾਬਲਾ ਕਰਨਾ। (ਅ) ਛੇਤੀ ਡਰ ਜਾਣਾ

(ੲ) ਹੱਕ ਲਈ ਲੜਨਾ। (ਸ) ੳ ਤੇ ਅ ਦੋਵੇਂ

3. ਪੰਜਾਬੀਆਂ ਦੇ ਹੱਥਾਂ ਵਿੱਚ ਕਿਹੜੀ ਕਰਾਮਾਤ ਹੈ ?

(ੳ) ਸੌਖ ਕੰਮ ਨੂੰ ਔਖਾ ਕਰਨਾ (ਅ) ਔਖੇ ਤੋਂ ਔਖੇ ਕੰਮ ਨੂੰ ਸੋਖਾ ਕਰ ਦੇਣਾ

(ੲ) ਕੰਮ ਛੇਤੀ-ਛੇਤੀ ਖ਼ਤਮ ਕਰਨਾ। (ਸ) ਕੰਮ ਅਰਾਮ ਨਾਲ ਕਰਨਾ

4. ਪੰਜਾਬੀ ਕਿਸ ਪ੍ਰਕਾਰ ਕੰਮ ਕਰਦੇ ਹਨ ?

(ੳ) ਛੇਤੀ-ਛੇਤੀ । (ਅ) ਮਿਹਨਤ ਅਤੇ ਲਾਪਰਵਾਹੀ ਨਾਲ

(ੲ) ਮਿਹਨਤ ਅਤੇ ਲਗਨ ਨਾਲ। (ਸ) ਮਿਹਨਤ ਨਾਲ ਕਾਹਲੀ-ਕਾਹਲੀ

5. 'ਈਨ ਮੰਨਣਾ' ਮੁਹਾਵਰੇ ਦਾ ਕੀ ਅਰਥ ਹੈ ?

(ੳ) ਹਰ ਕਿਸੇ ਦਾ ਕੰਮ ਕਰਨਾ। (ਅ) ਕੰਮ ਛੇਤੀ ਮੁਕਾ ਦੇਣਾ

(ੲ) ਜਿੱਤ ਮੰਨ ਲੈਣੀ। (ਸ) ਹਾਰ ਮੰਨ ਲੈਣੀ

ਪ੍ਰਸ਼ਨ 6. ਹੇਠ ਲਿਖਿਆਂ ਵਿੱਚੋਂ ਸਮਾਸੀ ਸ਼ਬਦ ਚੁਣੋ

(ੳ) ਖੁਸ਼ਹਾਲੀ (ਅ) ਸਵੈਮਾਣ (ੲ) ਸਵੈ-ਮਾਣ (ਸ) ਚੜ੍ਹਦੀ ਕਲਾ

II. . ਹੇਠ ਲਿਖੀ ਕਾਵਿ ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:-

ਮਾਂ ਤਾਂ ਜ਼ਿੰਦਗੀ ਦੇ ਨਿਕੜੇ ਜਿਹੇ ਦਿੱਲ ਵਿੱਚ,<br>
ਸੋਮਾ ਉਹ ਮੁਹੱਬਤਾਂ ਦਾ ਰੱਬ ਨੇ ਪਸਾਰਿਆ,<br>
ਅੱਜ ਤੀਕਣ ਲੀਹਦਾ ਕਿਸੇ ਥਾਹ ਤਲਾ ਨਹੀਂ ਲਭਿਆ,<br>
ਮਾਰ-ਮਾਰ ਟੁੱਭਿਆ ਹੋ ਸਾਰਾ ਜੱਗ ਹਾਰਿਆ।

ਪ੍ਰਸ਼ਨ 1. ਮਾਂ ਕਿਸ ਦਾ ਸੋਮਾ ਹੈ ?

ਪ੍ਰਸ਼ਨ 2. ਮਾਂ ਦੇ ਹਿਰਦੇ ਵਿੱਚ ਪਿਆਰ ਵਾਲਾ ਸੋਮਾ ਕਿਸ ਦੀ ਦੇਣ ਹੈ ?

ਪ੍ਰਸ਼ਨ 3. ਕਵੀ ਨੇ ਮਾਂ ਦੀ ਤੁਲਨਾ ਕਿਸ ਨਾਲ ਕੀਤੀ ਹੈ ?

ਪ੍ਰਸ਼ਨ 4. ਕੀ ਮਾਂ ਦੇ ਪਿਆਰ ਦੀ ਕੋਈ ਸੀਮਾ ਹੈ ?

- **ਭਾਗ -2 ਵਿਆਕਰਨ**

III. ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) :

ਪ੍ਰਸ਼ਨ 1. ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ ਸਮਾਨਾਰਥਕ ਸਮਾਸੀ ਸ਼ਬਦ ਹੈ ?

(ੳ) ਖਾਣਾ-ਪੀਣਾ (ਅ) ਉੱਤਰ-ਦੱਖਣ

(ੲ) ਸੜਿਆ-ਬਲਿਆ (ਸ) ਦੁੱਖ-ਸੁੱਖ

ਪ੍ਰਸ਼ਨ 2. 'ਹੱਡ-ਹਰਾਮੀ' ਸਮਾਸੀ ਸ਼ਬਦ ਲਈ ਠੀਕ ਸ਼ਬਦ ਸਮੂਹ ਚੁਣੋ:

(ੳ) ਹੱਡਾਂ ਦਾ ਹਰਾਮੀ (ਅ) ਹੱਡਾਂ ਦਾ ਹਰਾਮ

(ੲ) ਹੱਡੀਆਂ ਨੂੰ ਅਰਾਮ (ਸ) ਹੱਡੀਆਂ ਹਰਾਮ

ਪ੍ਰਸ਼ਨ 3. ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਉਰਦੂ-ਫ਼ਾਰਸੀ ਭਾਸ਼ਾ ਹੈ ?

(ੳ) ਦਿਲ-ਦਰਿਆ (ਅ) ਵੇਦ-ਪੁਰਾਣ

(ੲ) ਦਿਲ ਦਾ ਹਾਲ (ਸ) ਹਾਲ-ਏ-ਦਿਲ

IV. ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ):

ਪ੍ਰਸ਼ਨ 1. 'ਕੱਚਾ' ਦਾ ਇੱਕ ਅਰਥ ਹੈ 'ਝੂਠਾ' ਦੂਜਾ ਅਰਥ ਦੱਸੋ ?

(ੳ) ਹਲਕਾ (ਅ) ਸ਼ਰਮਿੰਦਾ

(ੲ) ਛੋਟੀ ਨਹਿਰ (ਸ) ੳ ਤੇ ਅ ਦੋਵੇਂ

ਪ੍ਰਸ਼ਨ 2. 'ਜੱਗ' ਸ਼ਬਦ ਲਈ ਬਹੁ-ਅਰਥਕ ਸ਼ਬਦ ਚੁਣੋ :

(ੳ) ਲੜਾਕਾ (ਅ) ਭਾਂਡਾ

(ੲ) ਹਾਜ਼ਰੀ ਭਰਨੀ (ਸ) ਉਪਰੋਕਤ ਵਿੱਚੋਂ ਕੋਈ ਵੀ ਨਹੀਂ।

ਪ੍ਰਸ਼ਨ 3. ਕਿਹੜਾ ਸ਼ਬਦ 'ਤਪ' ਸ਼ਬਦ ਦਾ ਬਹੁ-ਅਰਥਕ ਨਹੀਂ ਹੈ ?

(ੳ) ਗਰਮ (ਅ) ਬੰਦਗੀ

(ੲ) ਬਾਰੂਦ (ਸ) ਗੁੱਸਾ

V. ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)

ਪ੍ਰਸ਼ਨ 1. ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੇ ਕੰਮ ਦੇ ਹੋਣ ਜਾਂ ਨਾ ਹੋਣ ਦਾ ਪਤਾ ਲੱਗੇ ਉਸ ਨੂੰ ਕੀ ਆਖਦੇ ਹਨ

(ੳ) ਕਾਰਨ-ਵਾਚਕ (ਅ) ਨਿਰਨਾ-ਵਾਚਕ

(ੲ) ਨਿਸ਼ਚੇ-ਵਾਚਕ (ਸ) ਪ੍ਰਕਾਰ-ਵਾਚਕ

ਪ੍ਰਸ਼ਨ 2. "ਮੀਂਹ ਰੁਕ-ਰੁਕ ਕੇ ਪੈ ਰਿਹਾ ਹੈ।" ਵਾਕ ਵਿੱਚ ਕਿਰਿਆ-ਵਿਸ਼ੇਸ਼ਣ ਚੁਣ

(ੳ) ਮੀਂਹ (ਅ) ਪੈ ਰਿਹਾ

(ੲ) ਰੁਕ-ਰੁਕ ਕੇ (ਸ) ਹੈ

ਪ੍ਰਸ਼ਨ 3. ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(ੳ) ਅੰਦਰ, ਬਾਹਰ (ਅ) ਜ਼ਰੂਰ, ਬੇਸ਼ੱਕ, ਬਿਲਕੁਲ

(ੲ) ਹੌਲੀ-ਹੌਲੀ, ਇਸ ਤਰਾਂ,ਉਸ ਤਰ੍ਹਾਂ (ਸ) ਵਾਰ-ਵਾਰ, ਕਈ ਵਾਰ,

VI. ਅਗੇਤਰ-ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ। :

1. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਅਸ਼ਟ, ਲੋਕ

2. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਆਤਮਾ, ਹਾਰੀ

VII. ਮੁਹਾਵਰੇ : ਹੇਠ ' ਲਿਖਿਆਂ ਵਿੱਚੋਂ ਕਿਸੇ ਚਾਰ ਮੁਹਾਵਰਿਆਂ ਨੂੰ ਇਸ • ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪੱਸ਼ਟ ਹੋ ਜਾਣ:-

ਕੰਨੀ ਘੇਸਲ ਮਾਰਨਾ, ਘੜੀਆਂ-ਪਲਾਂ ਦਾ ਹੋਣਾ, ਖੁੰਬ ਠੱਪਣੀ, ਚੋਰ ਅੱਖ ਨਾਲ ਵੇਖਣਾ, ਜੜ੍ਹ ਪਤਾਲ ਤੱਕ ਲੱਗਣੀ, ਝੱਗ ਵਾਂਗ ਬਹਿ ਜਾਣਾ

- **ਭਾਗ-3 : ਪ੍ਰਭਾਵਸ਼ਾਲੀ ਲਿਖਣ-ਕੌਸ਼ਲ**

VIII. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ:-

(ੳ) ਵਾਦੜੀਆਂ ਸਜਾਦੜੀਆਂ ਨਿਭਣ ਸਿਰਾਂ ਦੇ ਨਾਲ

(ਭੂਮਿਕਾ ; ਮਨੁੱਖ ਆਦਤਾਂ ਦਾ ਗੁਲਾਮ; ਆਦਤਾਂ ਅਤੇ ਆਚਰਨ; ਆਦਤਾਂ ਦਾ ਮੁੱਢ ; ਆਦਤਾਂ ਸ ਹੁੰਦੀਆਂ; ਵਰਤਮਾਨ ਯੁੱਗ ਅਤੇ ਆਦਤਾਂ ਚੰਗੀਆਂ ਆਦਤਾਂ ਸਿੱਟਾ)

ਅ) ਨਕਲ ਦੀ ਬੁਰਾਈ

(ਜਾਣ-ਪਛਾਣ: ਨਕਲ ਦੀ ਰੁਚੀ ਵੱਖ-ਵੱਖ ਢੰਗ, ਨਕਲ ਦੀ ਰੁਚੀ ਨੂੰ ਉਤਸਾਹਿਤ ਕਰਨਾ : ਨਕਲ ਨੁਕਸਾਨ, ਨੈਤਿਕਤਾ ਦੇ ਵਿਰੁੱਧ ਰੋਕ ਸਿੱਟਾ)

(ੲ) ਆਨਲਾਈਨ ਖ਼ਰੀਦਦਾਰੀ

(ਭੂਮਿਕਾ, ਵੱਖ-ਵੱਖ ਕੰਪਨੀਆਂ, ਆਨਲਾਈਨ ਖਰੀਦਦਾਰੀ, ਲਾਭ: ਇਸ ਦੇ ਨੁਕਸਾਨ ਸਾਮਾਨ ਵਾਪ ਕਰਨ ਦੀ ਸਹੂਲਤ, ਸਿੱਟਾ)

IX. ਕੋਈ ਇੱਕ ਪੱਤਰ ਕਰੋ

(ੳ) ਤੁਹਾਡੀ ਇੱਕ ਸਹੇਲੀ/ਮਿੱਤਰ ਮਾੜੀ ਸੰਗਤ ਦੇ ਪ੍ਰਭਾਵ ਕਾਰਨ ਦਿਨ ਪ੍ਰਤੀ ਦਿਨ ਫੈਸ਼ਨਪ੍ਰਸਤ ਹੋ ਰਹੀ/ਰਿਹਾ ਇੱਕ ਚਿੱਠੀ ਰਾਹੀਂ ਉਸ ਨੂੰ ਬੋਲੜੇ ਫੈਸ਼ਨ ਤੋਂ ਵਰਜਦੇ ਹੋਏ। ਉਸ ਦੀ ਭਲਾਈ ਲਈ ਕੋਈ ਸੁਝਾਅ ਦਿਓ।

ਜਾਂ

(ਅ) ਬੋਰਡ ਦੇ ਸਕੱਤਰ ਨੂੰ ਸ਼ਿਕਾਇਤੀ ਪੱਤਰ ਲਿਖੋ ਕਿ ਪੰਜਾਬੀ ਦਾ ਪਰਚਾ ਬੜਾ ਔਖਾ ਅਤੇ ਸਿਲੇਬਸ ਤੋਂ ਬਾਹ ਆਇਆ ਸੀ।

X. ਹੇਠਲੀ ਤਸਵੀਰ ਨੂੰ ਧਿਆਨ ਨਾਲ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ।



- **ਭਾਗ-4 : ਪਾਠ ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ**

11. ਕਹਾਣੀ ਅਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਪ੍ਰਸ਼ਨ ਹੱਲ ਕਰੋ):

ਪ੍ਰਸ਼ਨ 1. ਨੀਂਦ ਵਿੱਚ ਬੁੜਬੁੜਾਉਂਦਾ ਕਾਕਾ ਕਿਸ ਚੀਜ਼ ਦੀ ਮੰਗ ਕਰ ਰਿਹਾ ਸੀ ?

(ੳ) ਕੁਲਫੀ ਦੀ (ਅ) ਮੁਰਮੁਰੇ ਦੀ

(ੲ) ਪੈਸਿਆਂ ਦੀ (ਸ) ਰਸ ਦੀ

ਪ੍ਰਸ਼ਨ 2. ਮਾਨ ਸਿੰਘ ਕਿੱਥੋਂ ਦਾ ਰਹਿਣ ਵਾਲਾ ਸੀ ?

(ੳ) ਅੰਮ੍ਰਿਤਸਰ ਦਾ (ਅ) ਚੂਹੜਕਾਣੇ ਦਾ

(ੲ) ਗੁਰਦਾਸਪੁਰ ਦਾ (ਸ) ਜਲੰਧਰ ਦਾ

ਪ੍ਰਸ਼ਨ 3. ਸੁਸਾਇਟੀ ਦਾ ਇੰਸਪੈਕਟਰ ਕਰਤਾਰ ਸਿੰਘ ਦੀ ਮੌਤ ਤੋਂ ਕਿੰਨਵੇਂ ਦਿਨ ਪਿੱਛੋਂ ਆ ਗਿਆ ਸ

(ੳ) ਪੰਜਵੇਂ ਦਿਨ ਪਿੱਛੋਂ (ਅ) ਗਿਆਰ੍ਹਵੇਂ ਦਿਨ ਪਿੱਛੋਂ

(ੲ) ਅੱਠਵੇਂ ਦਿਨ ਪਿੱਛੋਂ (ਸ) ਸਤਾਰ੍ਹਵੇਂ ਦਿਨ ਪਿੱਛੋਂ

ਪ੍ਰਸ਼ਨ 4. ਖਾਲਸਾ ਟ੍ਰੈਕਟ ਸੁਸਾਇਟੀ ਦਾ ਮੁੱਢ ਕਦੋਂ ਬੱਝਾ?

(ੳ) 1883 (ਅ) 1873 (ੲ) 1863 (ਸ) 1893

ਪ੍ਰਸ਼ਨ 5. ਕਿੱਕਰ ਦੀ ਗੋਲੀ ਕੌਣ ਚੁੱਕ ਕੇ ਘਰ ਲਿਆਇਆ ਸੀ ?

(ੳ) ਦਾਦਾ ਪੁੰਨੂੰ (ਅ) ਦਾਦਾ ਰਾਮ ਦਿੱਤਾ

(ੲ) ਦਾਦਾ ਦਾਸ (ਸ) ਦਾਦਾ ਸਾਹਿਬ ਸਿੰਘ

ਪ੍ਰਸ਼ਨ 6. ਪਹਾੜ ਅਤੇ ਸਮੁੰਦਰਾਂ ਦੇ ਕਿਨਾਰੇ ਸਾਨੂੰ ਕਿਉਂ ਚੰਗੇ ਲੱਗਦੇ ਹਨ ?

(ੳ) ਇਹ ਸਾਨੂੰ ਆਕਰਸ਼ਿਤ ਕਰਦੇ ਹਨ (ਅ) ਇੱਥੇ ਸ਼ਾਂਤੀ ਹੁੰਦੀ ਹੈ (ੲ) ਇੱਥੇ ਕੁਦਰਤ ਦੇ ਦਰਸ਼ਨ ਹੁੰਦੇ ਹਨ (ਸ) ਇਹ ਸਾਨੂੰ ਤੁਰਨ ਦਾ ਮੌਕਾ ਦਿੰਦੇ ਹਨ

XII. ਕਵਿਤਾ ਅਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਪੰਜ ਪ੍ਰਸ਼ਨ ਹੱਲ ਕਰੋ):

ਪ੍ਰਸ਼ਨ 1. ਸਾਰੇ ਜੀਵ-ਜੰਤੂ ਕਿਸ ਦੇ ਪੈਦਾ ਕੀਤੇ ਹੋਏ ਹਨ ?

(ੳ) ਕੁਦਰਤ ਦੇ (ਅ) ਪਰਮਾਤਮਾ ਦੇ

(ੲ) ਮਨੁੱਖ ਦੇ (ਸ) ਧਰਤੀ ਦੇ

ਪ੍ਰਸ਼ਨ 2. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਘਰ-ਘਰ ਅੰਦਰ ਕੀ: ਬਣ ਗਿਆ ?

(ੳ) ਧਰਮਸ਼ਾਲਾ (ਅ) ਗਊਸ਼ਾਲਾ

(ੲ) ਪਾਠਸ਼ਾਲਾ (ਸ) ਉਪਰੋਕਤ ਵਿੱਚੋਂ ਕੋਈ ਵੀ ਨਹੀਂ

ਪ੍ਰਸ਼ਨ 3. ਸ਼ਾਹ ਮੁਹੰਮਦ ਨੇ ਮਹਾਰਾਜਾ ਰਣਜੀਤ ਸਿੰਘ ਲਈ ਕਿਹੜਾ ਸ਼ਬਦ ਵਰਤਿਆ ਹੈ ?

(ੳ) ਸਰਦਾਰ (ਅ) ਸਰਕਾਰ

(ੲ) ਨਵਾਬ (ਸ) ਸ਼ੇਰ ਬਹਾਦਰ

ਪ੍ਰਸ਼ਨ 4. ਮੁਗ਼ਲਾਂ ਨੂੰ ਦੱਖਣ ਵਿੱਚੋਂ ਕੱਢਣ ਲਈ ਕੌਣ ਮਹਾਰਾਸ਼ਟਰ ਵਿੱਚ ਉੱਠ ਖੜ੍ਹਾ ਹੋਇਆ ਸੀ ?

(ੳ) ਆਮ ਜਨਤਾ (ਅ) ਬੇਗਮ ਉਦੈਪੁਰੀ

(ੲ) ਬਾਗ਼ੀ (ਸ) ਬੱਚਾ-ਬੱਚਾ

ਪ੍ਰਸ਼ਨ 5. ਬੇਗ਼ਮ ਉਦੈਪੁਰੀ ਕੌਣ ਸੀ ?

(ੳ) ਔਰੰਗਜ਼ੇਬ ਦੀ ਪਤਨੀ (ਅ) ਵਜ਼ੀਰ ਖ਼ਾਨ ਦੀ ਪਤਨੀ

(ੲ) ਅਸਦ ਖ਼ਾਨ ਦੀ ਪਤਨੀ (ਸ) ਹਕੀਮ ਦੀ ਪਤਨੀ

ਪ੍ਰਸ਼ਨ 6. ਨਿਹਾਲ ਕੌਰ ਚਟਣੀ ਲਈ ਪੁਦੀਨਾ ਤੋੜਨ ਕਿੱਥੇ ਜਾਂਦੀ ਹੈ ?

(ੳ) ਖੇਤਾਂ ਵਿੱਚ (ਅ) ਕਿਆਰੀ ਵੱਲ

(ੲ) ਹਵੇਲੀ ਵਿੱਚ (ਸ) ਕੋਠੇ ਤੇ

XIII. ਕਹਾਣੀ ਅਤੇ ਵਾਰਤਕ ਵਿੱਚੋਂ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ ਦੋ ਸ਼ਬਦਾਂ ਵਿੱਚ ਦਿਓ):

ਪ੍ਰਸ਼ਨ 1. ਮਨੁੱਖ ਦਾ ਕਿਹੜਾ ਅੱਗ ਉਸ ਦੇ ਸਰੀਰ ਦਾ ਚਿੱਤਰ ਹੈ ?

ਪ੍ਰਸ਼ਨ 2. ਧਾੜਵੀ ਕੈਦੀ ਕਿਸ ਦੀ ਕਿਰਪਾ ਨਾਲ ਧਾੜਵੀ ਤੋਂ ਸਰਦਾਰ ਬਣਿਆ ?

ਪ੍ਰਸ਼ਨ 3. ਬਾਬਿਆਂ ਦੀ 'ਚੜਿੱਕ' ਪਿੰਡ ਵਿੱਚ ਵਿਆਹੀ ਹੋਈ ਭੈਣ ਨੇ ਕੀ ਚੁੱਕ ਕੇ ਖੋਲੇ ਵਿੱਚ ਵਗਾਹ ਸੁੱਟਿਆ ਸੀ ?

ਪ੍ਰਸ਼ਨ 4. ਕਰਤਾਰ ਸਿੰਘ ਸਿਰ ਖਾਦ ਦਾ ਕਿੰਨਾ ਕਰਜ਼ਾ ਸੀ ?

ਪ੍ਰਸ਼ਨ 5. ਕਹਾਣੀਕਾਰ ਸੁਜਾਨ ਸਿੰਘ ਅਨੁਸਾਰ ਮਹੀਨੇ ਦੇ ਪਹਿਲੇ ਕਿੰਨੇ ਦਿਨ ਝਟਪਟ ਮੁੱਕ ਜਾਂਦੇ ਹਨ।

XIV. ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ)

ਪ੍ਰਸ਼ਨ 1. ਜਦ ਕੁਲਫ਼ੀ ਵਾਲੇ ਨੇ ਕੁਲਫ਼ੀ ਦੀ ਪਲੇਟ ਸ਼ਾਹਾਂ ਦੇ ਮੁੰਡੇ ਦੇ ਹੱਥ 'ਤੇ ਰੱਖੀ ਤਾਂ ਕਾਕੇ ਨੇ ਕੀ ਹਾਂ ਕਾਕੇ ਨੇ ਕੀ ਕੀਤਾ ?

ਪ੍ਰਸ਼ਨ 2. ਅਮਰੀਕ ਸਿੰਘ ਦੇ ਦਾਦੇ ਨੇ ਗਹਿਣੇ ਪਈ ਆਪਣੀ ਪੈਲੀ ਨੂੰ ਕਿਵੇਂ ਛੁਡਾਇਆ ?

ਪ੍ਰਸ਼ਨ 3. ਕਰਮ ਸਿੰਘ ਦਾ ਸੁਭਾਅ ਕਿਹੋ ਜਿਹਾ ਸੀ ?

ਪ੍ਰਸ਼ਨ 4. ਪੈਦਲ ਤੁਰਨ ਸਬੰਧੀ ਯੂਨਾਨੀ ਫ਼ਿਲਾਸਫ਼ਰ ਦੇ ਕੀ ਵਿਚਾਰ ਹਨ ?

ਪ੍ਰਸ਼ਨ 5. ਲੇਖਕ ਨੂੰ ਆਪਣੇ ਦਾਦੇ ਦਿਓ-ਦੈਂਤਾਂ ਵਾਂਗ ਕਿਉਂ ਲੱਗਦੇ ਸਨ ?

ਪ੍ਰਸ਼ਨ 6. ਦੁਨੀਆਂ ਦੇ ਬਹੁਤ ਲੋਕ ਆਪਣਾ ਪੂਰਾ ਮੁੱਲ ਕਿਉਂ ਨਹੀਂ ਪਾ ਸਕੇ ?

ਪ੍ਰਸ਼ਨ 7. ਜਦ ਜ਼ੀਨਤ ਵਜ਼ੀਰ ਖ਼ਾਨ 5 ਨੂੰ ਸਖ਼ਤ ਤੋਂ ਸਖਤ ਸਜ਼ਾ ਦੇ ਕੇ ਸਿੱਖਾਂ ਦਾ ਦਿਲ ਠੰਡਾ ਕਰਨ ਲਈ ਆਖਦੀ ਹੈ ਤਾਂ ਔਰੰਗਜ਼ੇਬ ਕੀ ਜਵਾਬ ਦਿੰਦਾ ਹੈ ?

ਪ੍ਰਸ਼ਨ 8. ਨਿਹਾਲ ਕੌਰ ਨੂੰ ਮਨਜੀਤ ਦੇ ਕਿਹੜੇ-ਕਿਹੜੇ ਕੰਮ ਪਸੰਦ ਨਹੀਂ ?

XV. ਕਵਿਤਾ ਅਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ):

ਪ੍ਰਸ਼ਨ 1. 'ਸ਼ਾਹ ਮੁਹੰਮਦ' ਦੀ ਰਚਨਾ 'ਜੰਗ ਦਾ ਹ ਸ ਦਾ ਹਾਲ' ਬਾਰੇ ਜਾਣਕਾਰੀ ਦਿਓ।

ਜਾਂ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਸਮਾਜ ਦੀ ਹਾਲਤ ਕਿਹੋ ਜਿਹੀ ਸੀ ਅਤੇ ਨੇ ਉਹਨਾਂ ਦੇ ਆਗਮਨ 'ਤੇ ਹੋਏ ਪਰਿਵਰਤਨਾਂ ਦਾ ਵਿਸਥਾਰ ਸਹਿਤ ਵੇਰਵਾ ਦਿਓ।

ਪ੍ਰਸ਼ਨ 2. 'ਘਰ ਦਾ ਪਿਆਰ' ਲੇਖ ਵਿੱਚ ਲੇਖਕ ਕਥਾਕੜਾਂ ਬਾਰੇ ਕੀ ਦੱਸਦਾ ਹੈ ?

ਜਾਂ

ਬਾਬੇ ਪੁੰਨੂੰ ਤੇ ਪਹਿਲਵਾਨ ਵਿਚਕਾਰ ਹੋਈ ਕੁਸ਼ਤੀ ਦਾ ਵਰਣਨ ਕਰੋ।

XVI. ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ):

ਪ੍ਰਸ਼ਨ 1. ਅਸਦ ਖ਼ਾਨ ਵੱਲੋਂ ਜ਼ਫ਼ਰਨਾਮੇ ਤੋਂ ਹੋਈ ਦਿਮਾਗੀ ਪਰੇਸ਼ਾਨੀ ਸਬੰਧੀ ਪੁੱਛੇ ਜਾਣ 'ਤੇ ਔਰੰਗਜ਼ੇਬ ਉਸ ਨੂੰ ਕੀ ਜਵਾਬ ਦਿੰਦਾ ਹੈ ?

ਜਾਂ

'ਦੂਜਾ ਵਿਆਹ' ਇਕਾਂਗੀ ਦੇ ਆਧਾਰ 'ਤੇ ਮਨਜੀਤ ਦਾ ਪਾਤਰ ਚਿਤਰਨ ਕਰੋ।